## ਮਰੀਜ਼ਾਂ ਨੂੰ ਘਰ ਜਾਣ ਲਈ ਛੁੱਟੀ ਦੇਣੀ

ਮਰੀਜ਼ਾਂ ਨੂੰ COVID19 ਟੈਸਟ ਪਾਜ਼ਿਟਿਵ ਨਤੀਜੇ ਨਾਲ ਜਾਂ ਜਦੋਂ ਉਹ ਆਪਣੇ COVID19 ਟੈਸਟ ਦੇ ਨਤੀਜੇ ਦੀ ਉਡੀਕ ਕਰ ਰਹੇ ਹੋਣ, ਘਰ ਜਾਣ ਲਈ ਛੁੱਟੀ ਦਿੱਤੀ ਜਾ ਸਕਦੀ ਹੈ, ਜੇ ਉਹ ਡਾਕਟਰੀ ਤੌਰ 'ਤੇ ਘਰ ਜਾਣ ਲਈ ਠੀਕ ਹਨ। COVID19 ਟੈਸਟ ਦੇ ਲੰਬਤ ਨਤੀਜਾ ਮਰੀਜ਼ਾਂ ਨੂੰ ਤੀਬਰ ਹਸਪਤਾਲ ਵਿੱਚ ਰੱਖਣ ਦਾ ਕਾਰਨ ਨਹੀਂ ਹੈ।

ਜਿਨ੍ਹਾਂ ਮਰੀਜ਼ਾਂ ਨੂੰ COVID19 ਟੈਸਟ ਦੇ ਲੰਬਤ ਨਤੀਜੇ ਜਾਂ ਪੁਸ਼ਟੀ ਕੀਤੇ COVID19 ਦੇ ਨਾਲ ਘਰ ਜਾਣ ਲਈ ਛੁੱਟੀ ਦਿੱਤੀ ਜਾ ਰਹੀ ਹੈ, ਉਹਨਾਂ ਨੂੰ ਪਬਲਿਕ ਹੈਲਥ ਇੰਗਲੈਂਡ ਦੇ ਘਰ ਵਿੱਚ ਇਕੱਲਤਾ ਮਾਰਗ-ਦਰਸ਼ਨ ਦੀ ਪਾਲਣਾ ਕਰਨੀ ਚਾਹੀਦੀ ਹੈ। (PDF ਉਪਲਬਧ ਹੈ)

ਕੇਅਰ ਹੋਮ ਵਿੱਚ ਜਾਣ ਲਈ ਛੁੱਟੀ ਦਿੱਤੇ ਜਾ ਰਹੇ ਉਹਨਾਂ ਮਰੀਜ਼ਾਂ ਨੂੰ, ਜਿਨ੍ਹਾਂ ਦਾ ਸੰਭਾਵੀ ਤੌਰ 'ਤੇ COVID19 ਲਈ ਇੱਕ ਸਵੈਬ ਨਮੂਨਾ ਲਿਆ ਗਿਆ ਸੀ, ਛੁੱਟੀ ਦਿੱਤੇ ਜਾਣ ਤੋਂ ਪਹਿਲਾਂ ਪੁਸ਼ਟੀ ਕੀਤੇ ਨੈਗੇਟਿਵ ਨਤੀਜੇ ਦੀ ਲੋੜ ਹੋਵੇਗੀ, ਤਾਂ ਜੋ ਕੇਅਰ ਹੋਮ ਦੇ ਮਾਹੌਲ ਵਿੱਚ ਰੋਗ ਦੇ ਫੈਲਣ ਦੀ ਸੰਭਾਵਨਾ ਨੂੰ ਘਟਾਇਆ ਜਾ ਸਕੇ।